# ਵਿਕਟੋਰੀਆ ਦੀ ਸਕੂਲ ਨੂੰ ਵਾਪਸੀ ਯੋਜਨਾ

| ਲਾਜ਼ਮੀ ਕੰਮ | 1: P-2 ਅਤੇ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਪੜ੍ਹਨ ਲਈ ਸਕੂਲ ਵਾਪਸ ਜਾਣਗੇ | 2: ਦੋ ਹਫਤਿਆਂ ਬਾਅਦ ਸਾਰੇ ਵਿਦਿਆਰਥੀ ਸਕੂਲ ਵਿੱਚ ਪੜ੍ਹਨ ਲਈ ਵਾਪਸ ਜਾਣਗੇ | ਸਿਹਤ ਆਦੇਸ਼ ਨੂੰ ਮੰਨ ਕੇ ਸਕੂਲ ਦੀਆਂ ਨਿਯਮਤ ਗਤੀਵਿਧੀਆਂ ਦੋਬਾਰਾ ਸ਼ੁਰੂ |
|---|---|---|---|
| • **ਸਫਾਈ**<br>ਜ਼ਿਆਦਾ ਛੂਹੇ ਜਾਣ ਵਾਲੇ ਤਲਾਂ ਜਿਵੇਂ ਗੁਸਲਖਾਨੇ ਅਤੇ ਦਰਵਾਜ਼ਿਆਂ ਦੇ ਮੁੱਠਿਆਂ ਦੀ ਸਾਰਾ ਦਿਨ ਸਫਾਈ ਦੇ ਸਮੇਤ ਸਕੂਲਾਂ ਨੂੰ ਸੁਧਰੀ ਹੋਈ ਸਫਾਈ ਨੂੰ ਲਾਗੂ ਕਰਨ ਵਿੱਚ ਮਦਦ ਕੀਤੀ ਜਾਵੇਗੀ।<br>• **ਸਰੀਰਕ ਦੂਰੀ**<br>ਸਕੂਲ ਕਰਮਚਾਰੀਆਂ ਨੂੰ ਸਰੀਰਕ ਦੂਰੀ ਬਣਾਈ ਰੱਖਣ ਵਿੱਚ ਮਦਦ ਕੀਤੀ ਜਾਵੇਗੀ, ਪਰ ਸਕੂਲ ਦੇ ਅੰਦਰ ਵਿਦਿਆਰਥੀਆਂ ਵਿਚਾਲੇ ਸਰੀਰਕ ਦੂਰੀ ਨੂੰ ਜ਼ਰੂਰੀ ਨਹੀਂ ਮੰਨਿਆ ਜਾਵੇਗਾ।<br>• **ਸਫਾਈ**<br>ਕਰਮਚਾਰੀਆਂ ਅਤੇ ਵਿਦਿਆਰਥੀਆਂ ਨੂੰ ਵਾਰ ਵਾਰ ਹੱਥ ਧੋਣ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜਿੱਥੇ ਸਾਬਣ ਅਤੇ ਪਾਣੀ ਉਪਲਬਧ ਨਹੀਂ ਹਨ, ਅਲਕੋਹਲ ਆਧਾਰਿਤ ਹੱਥ ਸਾਫ ਕਰਨ ਵਾਲੇ ਵਰਤੇ ਜਾਣਗੇ।<br>• **ਸਿਹਤ**<br>ਕਰਮਚਾਰੀਆਂ, ਮਾਪਿਆਂ ਅਤੇ ਵਿਦਿਆਰਥੀਆਂ ਸਮੇਤ ਜੇ ਕੋਈ ਬਿਮਾਰ ਮਹਿਸੂਸ ਕਰਦਾ ਹੈ ਉਸ ਨੂੰ ਸਕੂਲ ਨਹੀਂ ਆਉਣਾ ਚਾਹੀਦਾ ਹੈ। | **(ਪਰੈਪ – 2) ਅਤੇ ਸੀਨੀਅਰ ਸੈਕੰਡਰੀ (ਜਮਾਤ 11 ਅਤੇ 12) ਦੇ ਵਿਦਿਆਰਥੀ**<br>ਪਰੈਪ ਤੋਂ ਦੂਸਰੀ ਜਮਾਤ ਦੇ ਵਿਦਿਆਰਥੀ ਅਤੇ 11 ਵੀਂ ਤੇ 12 ਵੀਂ ਜਮਾਤ ਦੇ ਵਿਦਿਆਰਥੀ ਪੜ੍ਹਨ ਵਾਸਤੇ ਪਹਿਲਾਂ ਸਕੂਲ ਵਾਪਸ ਆਉਣਗੇ। ਦੂਰੋਂ ਬੈਠ ਕੇ ਪੜ੍ਹਨ ਦਾ ਮੌਜੂਦਾ ਪ੍ਰੋਗਰਾਮ ਇਹਨਾਂ ਜਮਾਤਾਂ ਲਈ ਜਾਰੀ ਨਹੀਂ ਰਹੇਗਾ।<br>**ਤੀਸਰੀ ਜਮਾਤ – 10 ਵੀਂ ਜਮਾਤ ਦੇ ਵਿਦਿਆਰਥੀ**<br>ਤੀਸਰੀ ਜਮਾਤ ਤੋਂ 10 ਵੀਂ ਜਮਾਤ ਦੇ ਵਿਦਿਆਰਥੀ ਜੋ ਘਰ ਬੈਠ ਕੇ ਪੜ੍ਹ ਸਕਦੇ ਹਨ, ਉਹ ਜ਼ਰੂਰੀ ਘਰ ਬੈਠ ਕੇ ਪੜ੍ਹਣਗੇ। ਇਹਨਾਂ ਵਿਦਿਆਰਥੀਆਂ ਨੂੰ ਉਹਨਾਂ ਦੇ ਸਕੂਲਾਂ ਦੁਆਰਾ ਦੂਰੋਂ ਬੈਠ ਕੇ ਪੜ੍ਹਨ ਲਈ ਲਗਾਤਾਰ ਸਹਾਇਤਾ ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀ ਜੋ ਘਰੋਂ ਬੈਠ ਕੇ ਨਹੀਂ ਪੜ੍ਹ ਸਕਦੇ ਉਹ ਸਕੂਲ ਵਿੱਚ ਨਿਗਰਾਨੀ ਵਾਲੇ ਪ੍ਰੋਗਰਾਮ ਵਿੱਚ ਲਗਾਤਾਰ ਪੜ੍ਹਦੇ ਰਹਿ ਸਕਦੇ ਹਨ।<br>**ਸਕੂਲ ਕਰਮਚਾਰੀ**<br>ਪਹਿਲੇ ਪੜਾਅ ਦੇ ਦੌਰਾਨ ਸਕੂਲ ਦੇ ਸਾਰੇ ਕਰਮਚਾਰੀਆਂ ਕੋਲੋਂ ਸਕੂਲ ਵਿੱਚ ਹਾਜ਼ਰ ਹੋਣ ਦੀ ਉਮੀਦ ਕੀਤੀ ਜਾਂਦੀ ਹੈ।<br>ਕਰਮਚਾਰੀਆਂ ਨੂੰ ਆਪਣੀ ਭਲਾਈ ਦਾ ਪ੍ਰਬੰਧ ਕਰਨ ਲਈ ਸਕੂਲਾਂ ਅਤੇ ਕਰਮਚਾਰੀ ਸਹਾਇਤਾ ਪ੍ਰੋਗਰਾਮ ਰਾਹੀਂ ਸਹਾਇਤਾ ਦਿੱਤੀ ਜਾਵੇਗੀ।<br>**ਮਾਪੇ**<br>ਬੱਚਿਆਂ ਨੂੰ ਸਕੂਲ ਛੱਡਣ ਅਤੇ ਚੁੱਕਣ ਦੇ ਨਿਯਮਾਂ ਵਾਸਤੇ ਮਾਪੇ ਆਪਣੇ ਸਕੂਲ ਦੇ ਆਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ। | **ਸਾਰੇ ਵਿਦਿਆਰਥੀ ਸਕੂਲ ਵਿੱਚ ਪੜ੍ਹਨ ਲਈ ਵਾਪਸ**<br>ਸਾਰੀਆਂ ਜਮਾਤਾਂ ਦੇ ਵਿਦਿਆਰਥੀ ਸਕੂਲ ਵਾਪਸ ਆ ਜਾਣਗੇ।<br>ਕੈਂਪ, ਬਾਹਰਲੀਆਂ ਫੇਰੀਆਂ ਅਤੇ ਅੰਦਰੂਨੀ ਫੇਰੀਆਂ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ ਜਦ ਤੱਕ ਸਫਰ ਦੀਆਂ ਮੌਜੂਦਾ ਪਾਬੰਦੀਆਂ ਹੱਟ ਨਹੀਂ ਜਾਂਦੀਆਂ ਹਨ।<br>ਸਕੂਲ ਦੂਰੋਂ ਬੈਠ ਕੇ ਪੜ੍ਹਾਉਣ ਦਾ ਪ੍ਰੋਗਰਾਮ ਹੋਰ ਨਹੀਂ ਚਲਾਉਣਗੇ।<br>**ਸਕੂਲ ਕਰਮਚਾਰੀ**<br>ਸਾਰੇ ਕਰਮਚਾਰੀ ਸਕੂਲ ਵਿੱਚ ਹਾਜ਼ਰ ਹੁੰਦੇ ਰਹਿਣਗੇ।<br>ਕਰਮਚਾਰੀਆਂ ਨੂੰ ਆਪਣੀ ਭਲਾਈ ਦਾ ਪ੍ਰਬੰਧ ਕਰਨ ਲਈ ਸਕੂਲਾਂ ਅਤੇ ਕਰਮਚਾਰੀ ਸਹਾਇਤਾ ਪ੍ਰੋਗਰਾਮ ਰਾਹੀਂ ਲਗਾਤਾਰ ਸਹਾਇਤਾ ਦਿੱਤੀ ਜਾਵੇਗੀ।<br>**ਮਾਪੇ**<br>ਬੱਚਿਆਂ ਨੂੰ ਸਕੂਲ ਛੱਡਣ ਅਤੇ ਚੁੱਕਣ ਦੇ ਨਿਯਮਾਂ ਵਾਸਤੇ ਮਾਪੇ ਆਪਣੇ ਸਕੂਲ ਦੇ ਆਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ। | ਸਕੂਲ ਦੀਆਂ ਨਿਯਮਤ ਗਤੀਵਿਧੀਆਂ, ਜਿਵੇਂ ਕਿ ਖੇਡਾਂ, ਕੈਂਪ ਅਤੇ ਬਾਹਰਲੀਆਂ ਫੇਰੀਆਂ, ਸਫਰ ਦੀਆਂ ਪਾਬੰਦੀਆਂ ਦੇ ਹਟਣ ਦੇ ਨਾਲ ਇਕਸਾਰ ਸ਼ੁਰੂ ਹੋਣਗੀਆਂ। |